# PC–10898/NK

**S–2/2110**

## ਪੰਜਾਬੀ ਸਾਹਿਤ ਦਾ ਇਤਿਹਾਸ–I

(Semester–I)

(Regular, Distance Education & Private)

Time : Three Hours] [Maximum Marks : 60

### ਭਾਗ-ੳ

**ੳ-1**

I. ਰਾਜਨੀਤਿਕ ਅਤੇ ਸਾਹਿਤਕ ਇਤਿਹਾਸ ਵਿਚ ਅੰਤਰ ਸਪੱਸ਼ਟ ਕਰਦੇ ਹੋਏ ਇਹ ਸਪੱਸ਼ਟ ਕਰੋ ਕਿ ਸਾਹਿਤ ਇਤਿਹਾਸ ਦਾ ਅਧਿਐਨ ਕਿਉਂ ਜ਼ਰੂਰੀ ਹੈ?

*ਜਾਂ*

II. ਪੰਜਾਬੀ ਸਾਹਿਤ ਦੇ ਇਤਿਹਾਸਾਂ ਵਿਚ ਕਿਹੜੇ-ਕਿਹੜੇ ਕਾਲ-ਖੰਡਾਂ ਨੂੰ ਕਿਹੜੇ-ਕਿਹੜੇ ਨਾਮ ਦਿੱਤੇ ਗਏ ਹਨ ਅਤੇ ਇਨ੍ਹਾਂ ਦੀ ਉਚਿਤੱਤਾ ਕੀ ਹੈ? ਸਪੱਸ਼ਟ ਕਰੋ। 9

ੳ–2

III. ਕਿਹੜੇ-ਕਿਹੜੇ ਧਾਰਮਿਕ, ਸਮਾਜਕ, ਇਤਿਹਾਸਕ ਅਤੇ ਸਭਿਆਚਾਰਕ ਕਾਰਣਾਂ ਵਿਚੋਂ ਪੰਜਾਬੀ ਸਾਹਿਤ ਦਾ ਮੁੱਢ ਬੱਝਾ? ਵਿਸਥਾਰ ਸਹਿਤ ਚਰਚਾ ਕਰੋ।

*ਜਾਂ*

IV. ਆਦਿ ਕਾਲ ਵਿਚਲੇ ਲੋਕ ਸਾਹਿਤ ਨੂੰ ਪਛਾਨਣ ਲਈ ਤੁਸੀਂ ਕਿਹੜੇ-ਕਿਹੜੇ ਮਾਪਦੰਡ ਅਪਨਾਓਗੇ ਜਿਨ੍ਹਾਂ ਤੋਂ ਇਹ ਸਾਬਤ ਹੋ ਸਕੇ ਕਿ ਉਹ ਆਦਿ ਕਾਲ ਵਿਚ ਹੀ ਰਚਿਆ ਗਿਆ ਸੀ? 9

## ਭਾਗ–ਅ

ਅ–1

V. ਉਸ ਸਾਹਿਤਕ ਅਤੇ ਭਾਸ਼ਾਈ ਪਰਿਪੇਖ ਨੂੰ ਵਿਚਾਰਦਿਆਂ ਆਦਿਕਾਲੀਨ ਪੰਜਾਬੀ ਸਾਹਿਤ ਦਾ ਸੰਖੇਪ ਪਰਿਚਯ ਦਿਓ।

*ਜਾਂ*

VI. ਮੱਧਕਾਲੀ ਸਾਹਿਤ ਵਿਚ ਗੁਰੂ ਨਾਨਕ ਕਾਲ ਨੂੰ ਪੰਜਾਬੀ ਸਾਹਿਤ ਦਾ ਸੁਨਹਿਰੀ ਯੁਗ ਕਿਹਾ ਜਾਂਦਾ ਹੈ। ਕਿਉਂ? ਵਿਸਥਾਰ ਵਿਚ ਉੱਤਰ ਦਿਓ। 9

VII. ਮੱਧਕਾਲ ਵਿਚ ਉਪਜੇ ਪੰਜਾਬੀ ਕਿੱਸਾ ਕਾਵਿ ਦਾ ਸੰਖੇਪ ਪਰਿਚਯ ਦੇਂਦੇ ਹੋਏ ਇਸ ਦੀ ਸਭਿਆਚਾਰਕ ਵਿਸ਼ੇਸ਼ਤਾ ਸਬੰਧੀ ਆਪਣੇ ਵਿਚਾਰਾਂ ਤੋਂ ਜਾਣੂ ਕਰਾਓ।

*ਜਾਂ*

VIII. ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਾਹਿਤਕ ਵਿਸ਼ੇਸ਼ਤਾਈਆਂ ਉਪਰ ਇਕ ਆਲੋਚਨਾਤਮਕ ਨਿਬੰਧ ਲਿਖੋ। 9

## ਭਾਗ–ੲ

IX. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. ਆਦਿ ਕਾਲ ਦੇ ਚਾਰ ਜੋਗੀ ਕਵੀਆਂ ਦੇ ਨਾਂ ਲਿਖੋ।
2. ਬਾਬਾ ਫ਼ਰੀਦ ਕਿਸ ਕਾਲ ਦਾ ਕਵੀ ਹੈ ਅਤੇ ਪੰਜਾਬੀ ਸੂਫੀ ਕਾਵਿ ਵਿਚ ਉਸ ਦਾ ਕੀ ਸਥਾਨ ਹੈ?
3. ਆਦਿ ਕਾਲ ਦੀਆ ਬੀਰ ਰਸੀ ਵਾਰਾਂ ਵਿਚੋਂ ਚਾਰ ਵਾਰਾਂ ਦੇ ਨਾਂ ਲਿਖੋ।
4. ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁਲ ਕਿੰਨੇ ਬਾਣੀਕਾਰਾਂ ਦੀ ਬਾਣੀ ਹੈ? ਉਸ ਵਿਚੋਂ ਚਾਰ ਭਗਤ ਕਵੀਆਂ ਦੇ ਨਾਂ ਲਿਖੋ।
5. ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਸ ਗੁਰੂ ਸਾਹਿਬ ਦੀ ਸਭ ਤੋਂ ਵੱਧ ਬਾਣੀ ਹੈ? ਉਨ੍ਹਾ ਦੀਆਂ ਲੰਮੇਰੀਆਂ ਬਾਣੀਆਂ ਵਿਚੋਂ ਦੋ ਬਾਣੀਆਂ ਦੇ ਨਾਂ ਲਿਖੋ।

6. ਪੰਜਾਬੀ ਦੇ ਪਹਿਲੇ ਕਿੱਸਾਕਾਰ ਦਾ ਨਾਂ ਦੱਸੋ ਅਤੇ ਇਹ ਵੀ ਦੱਸੋ ਕਿ ਉਸ ਨੇ ਕਿਹੜਾ ਕਿੱਸਾ ਕਦੋਂ ਲਿਖਿਆ?

7. ਪੰਜਾਬੀ ਸੂਫ਼ੀ ਕਾਵਿ ਵਿਚ ਵਰਤੇ ਗਏ ਚਾਰ ਕਾਵਿ ਰੂਪਾਂ ਦੇ ਨਾਂ ਲਿਖੋ।

8. ਭਾਈ ਗੁਰਦਾਸ ਦੀਆਂ ਕਿੰਨੀਆਂ ਵਾਰਾਂ ਹਨ ਅਤੇ ਇਨ੍ਹਾਂ ਨੂੰ ਕੀ ਨਾਂ ਦਿੱਤਾ ਗਿਆ ਹੈ?

9. ਕਿਸ ਗੁਰੂ ਸਾਹਿਬ ਜੀ ਨੇ ਕੇਵਲ ਸਲੋਕ ਹੀ ਲਿਖੇ ਹਨ? ਉਨ੍ਹਾਂ ਦਾ ਇਕ ਸਲੋਕ ਲਿਖੋ।

10. ਚਾਰ ਸੂਫ਼ੀ ਸੰਪਰਦਾਵਾਂ ਦੇ ਨਾਂ ਲਿਖੋ।

11. ਪੰਜਾਬੀ ਦੇ ਚਾਰ ਬੀਰ ਰਸੀ ਕਵੀਆਂ ਅਤੇ ਉਨ੍ਹਾਂ ਦੀ ਇਕ-ਇਕ ਰਚਨਾ ਦਾ ਨਾਂ ਲਿਖੋ।

12. ਚਾਰ ਪ੍ਰਸਿੱਧ ਜਨਮਸਾਖੀਆਂ ਦੇ ਨਾਂ ਲਿਖੋ। $12 \times 2 = 24$

---